41. ਸਮੇਂ ਅਨੁਸਾਰ ਬਦਲ ਕੇ ਕਿਰਿਆ ਜਿਹੜਾ ਰੂਪ ਧਾਰਨ ਕਰਦੀ ਹੈ, ਉਸਨੂੰ ਕਿਰਿਆ ਦਾ......ਕਿਹਾ ਜਾਂਦਾ ਹੈ।

ੳ. ਕਾਰਕ ਅ. ਵਾਚ ੲ. ਕਾਲ ਸ. ਕਿਰਿਆ ਵਿਸ਼ੇਸ਼ਣ

42. ਜਿਹੜੇ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਸ਼ਬਦ ਨਾਲ਼ ਆ ਕੇ ਉਸਨੂੰ ਆਮ ਤੋਂ ਖਾਸ ਬਣਾਉਣ, ਉਹਨਾਂ ਨੂੰ ..........ਕਿਹਾ ਜਾਂਦਾ ਹੈ।

ੳ. ਆਮ ਨਾਂਵ ਅ. ਕਿਰਿਆ ਵਿਸ਼ੇਸ਼ਣ ੲ.ਕਿਰਿਆ ਸ.ਵਿਸ਼ੇਸ਼ਣ

43. ਕਾਲ ਦੀਆਂ ਕਿੰਨੀਆਂ ਕਿਸਮਾਂ ਹਨ?

ੳ. ਚਾਰ ਅ. ਪੰਜ ੲ. ਤਿੰਨ ਸ. ਛੇ

44. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਗੁਣਵਾਚਕ ਵਿਸ਼ੇਸ਼ਣ ਦੀ ਉਦਾਹਰਨ ਹਨ?

ੳ. ਕਈ ਅ.ਬਹੁਤ ੲ.ਜਿਹੜਾ ਸ.ਮਿੱਠਾ

45. 'ਥੋੜ੍ਹਾ' ਸ਼ਬਦ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ ?

ੳ.ਪਰਿਮਾਣਵਾਚਕ ਵਿਸ਼ੇਸ਼ਣ ਅ.ਗੁਣਵਾਚਕ ਵਿਸ਼ੇਸ਼ਣ

ੲ.ਸੰਖਿਆਵਾਚਕ ਵਿਸ਼ੇਸ਼ਣ ਸ.ਪੜਨਾਂਵੀ ਵਿਸ਼ੇਸ਼ਣ

46. ਹੇਠ ਲਿਖਿਆਂ ਵਿੱਚੋਂ ਸੰਖਿਆਵਾਚਕ ਕਿਰਿਆ ਵਿਸ਼ੇਸ਼ਣ ਦੀ ਉਦਾਹਰਨ ਕਿਹੜੀ ਹੈ?

ੳ. ਅਧਵਾਟੇ ਅ. ਦੁਬਾਰਾ ੲ. ਹਾਂ ਜੀ ਸ. ਇਹਨਾਂ 'ਚੋਂ ਕੋਈ ਨਹੀਂ

47. 'ਜ਼ਰੂਰ' ਸ਼ਬਦ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ?

ੳ. ਕਾਰਨ-ਵਾਚਕ ਅ.ਨਿਰਨਾ-ਵਾਚਕ ੲ.ਪ੍ਰਕਾਰ-ਵਾਚਕ ਸ.ਨਿਸ਼ਚੇ-ਵਾਚਕ

48. ਉਹ ਘਰ ਅੰਦਰ ਚਲਾ ਗਿਆ। ਇਸ ਵਾਕ ਵਿੱਚ 'ਅੰਦਰ' ਸ਼ਬਦ ਕੀ ਹੈ?

ੳ. ਸੰਬੰਧਕ ਅ. ਕਿਰਿਆ ਵਿਸ਼ੇਸ਼ਣ ੲ. ਨਾਂਵ-ਪੜਨਾਂਵ ਸ.ਯੋਜਕ

49. ਕਿਰਿਆ ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?

ੳ. ਪੰਜ ਅ. ਛੇ ੲ. ਚਾਰ ਸ.ਅੱਠ

50. ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ,ਸਥਾਨ ਜਾਂ ਤਰੀਕਾ ਆਦਿ ਦੱਸੇ, ਉਸਨੂੰ .......ਕਿਹਾ ਜਾਂਦਾ ਹੈ।

ੳ. ਕਿਰਿਆ ਵਿਸ਼ੇਸ਼ਣ ਅ. ਕਿਰਿਆ ੲ. ਵਿਸ਼ੇਸ਼ਣ ਸ.ਕਾਰਕ

51. ਜੋ ਸ਼ਬਦ ਨਾਂਵ ਜਾਂ ਪੜਨਾਂਵ ਸ਼ਬਦਾਂ ਦੇ ਪਿੱਛੇ ਲੱਗ ਕੇ ਉਹਨਾਂ ਦਾ ਸੰਬੰਧ ਵਾਕ ਦੇ ਬਾਕੀ ਸ਼ਬਦਾਂ ਨਾਲ਼ ਜੋੜਨ, ਉਹਨਾਂ ਨੂੰ.....ਕਿਹਾ ਜਾਂਦਾ ਹੈ।

ੳ. ਯੋਜਕ ਅ. ਸੰਬੰਧਕ ੲ. ਵਿਸ਼ੇਸ਼ਣ ਸ. ਨਾਂਵ-ਪੜਨਾਂਵ

52. ਜੋ ਸ਼ਬਦ ਦੋ ਜਾਂ ਦੋ ਤੋਂ ਵੱਧ ਸ਼ਬਦਾਂ, ਵਾਕੰਸ਼ਾਂ , ਉਪਵਾਕਾਂ ਜਾਂ ਵਾਕਾਂ ਨੂੰ ਆਪਸ ਵਿੱਚ ਜੋੜਦੇ ਹਨ, ਉਹਨਾਂ ਨੂੰ......ਕਿਹਾ ਜਾਂਦਾ ਹੈ।

ੳ. ਸੰਬੰਧਕ ਅ. ਵਿਸ਼ੇਸ਼ਣ ੲ. ਨਾਂਵ-ਪੜਨਾਂਵ ਸ. ਯੋਜਕ

53. ਮੁੱਖ ਅਧਿਆਪਕ ਜੀ ਅੰਦਰ ਬੈਠੇ ਹਨ। ਇਸ ਵਾਕ ਵਿੱਚ 'ਅੰਦਰ' ਸ਼ਬਦ ਕੀ ਹੈ?

ੳ. ਸੰਬੰਧਕ ਅ. ਕਿਰਿਆ ਵਿਸ਼ੇਸ਼ਣ ੲ. ਨਾਂਵ-ਪੜਨਾਂਵ ਸ.ਯੋਜਕ

54. ਮੁੱਖ ਅਧਿਆਪਕ ਜੀ ਦਫ਼ਤਰ ਅੰਦਰ ਬੈਠੇ ਹਨ। ਇਸ ਵਾਕ ਵਿੱਚ 'ਅੰਦਰ' ਸ਼ਬਦ ਕੀ ਹੈ?

ੳ. ਸੰਬੰਧਕ ਅ. ਕਿਰਿਆ ਵਿਸ਼ੇਸ਼ਣ ੲ. ਨਾਂਵ-ਪੜਨਾਂਵ ਸ.ਯੋਜਕ

55. ਬਣਤਰ ਦੇ ਪੱਖ ਤੋਂ ਯੋਜਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ੳ. ਚਾਰ ਅ. ਦੋ ੲ. ਪੰਜ ਸ. ਤਿੰਨ

56. ਬਹੁਵਚਨ ਸ਼ਬਦ 'ਸੇਬ' ਦਾ ਸੰਬੰਧਕੀ ਰੂਪ ਦੱਸੋ।

ੳ. ਸੇਬ ਅ. ਸੇਬਾਂ ੲ.ਬਹੁਵਚਨ ਸ.ਹੱਥ ਨਾਲ਼

57. ਹੇਠ ਲਿਖਿਆਂ ਵਿੱਚੋਂ ਵਿਕਾਰੀ ਸੰਬੰਧਕ ਚੁਣੋ ।

ੳ.ਲਈ ਅ.ਦੁਆਰਾ ੲ.ਵਾਸਤੇ ਸ.ਦੇ

58. ਸੰਬੰਧਕ ਸ਼ਬਦ ਨਾਂਵ ਜਾਂ ਪੜਨਾਂਵ ਸ਼ਬਦ ਤੋਂ.......ਆਉਂਦੇ ਹਨ।

ੳ. ਅੱਗੇ ਅ.ਪਿੱਛੇ ੲ. ਸਾਹਮਣੇ ਸ.ਇਨ੍ਹਾਂ 'ਚੋਂ ਕੋਈ ਨਹੀਂ

59. ਨਾਂਵ ਜਾਂ ਪੜਨਾਂਵ ਨਾਲ਼ ਸੰਬੰਧਕ ਸ਼ਬਦ ਜਦੋਂ ਮਾਤਰਾ ਦੇ ਰੂਪ ਵਿੱਚ ਆਉਂਦੇ ਹਨ, ਉਹਨਾਂ ਨੂੰ .......ਕਿਹਾ ਜਾਂਦਾ ਹੈ।

ੳ. ਕਾਰਕੀ ਪਿਛੇਤਰ ਅ.ਸੰਬੰਧਕੀ ਰੂਪ ੲ.ਕਾਰਕ ਸ.ਵਿਕਾਰੀ ਸੰਬੰਧਕ

60. ਕਾਰਜ ਦੇ ਅਧਾਰ 'ਤੇ ਯੋਜਕ .....ਪ੍ਰਕਾਰ ਦੇ ਹੁੰਦੇ ਹਨ।

ੳ. ਤਿੰਨ ਅ. ਚਾਰ ੲ. ਦੋ ਸ. ਪੰਜ

41-ੲ 42-ਸ 43-ੲ 44-ਸ 45-ੳ 46-ਅ 47-ਸ 48-ੳ 49-ਸ 50-ੳ 51-ਅ 52-ਸ 53-ਅ 54-ੳ 55-ਸ 56-ਅ 57-ਸ 58-ਅ 59-ੳ 60-ੲ

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377